# "ਨਿੱਕੀਆਂ ਪੈੜਾਂ,ਵੱਡੀਆਂ ਪੁਲਾਂਘਾਂ"

## (ਪ੍ਰਸ਼ਨਾਵਲੀ )

## (ਵਿਸ਼ਾ-ਵਸਤੂ ਨਾਲ ਸਬੰਧਤ)

## ਜਮਾਤ ਵਿੱਚ ਕਰਵਾਉਣ ਲਈ

**ਜਮਾਤ- ਛੇਵੀਂ**

**ਪਾਠ 1:- ਪ੍ਰਿਥਵੀ: ਸੂਰਜ ਪਰਿਵਾਰ ਦਾ ਅੰਗ**

**ਪ੍ਰ01:- ਤਾਰਿਆਂ ਦੇ ਸਮੂਹ ਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਤਾਰਾਮੰਡਲ।

**ਪ੍ਰ02:- ਸੂਰਜ ਪਰਿਵਾਰ ਵਿੱਚ ਕਿੰਨੇ ਗ੍ਰਹਿ ਹਨ?**

**ਉੱਤਰ:-** ਅੱਠ

**ਪ੍ਰ03:- ਧਰਤੀ ਅਪਣੇ ਧੁਰੇ ਦੁਆਲੇ ਕਿਹੜੀ ਦਿਸ਼ਾ ਵੱਲ ਘੁੰਮਦੀ ਹੈ?**

**ਉੱਤਰ:-** ਪੱਛਮ ਤੋਂ ਪੂਰਬ ਵੱਲ

**ਪ੍ਰ04:- ਕਿਹੜੀ ਕਲਪਿਤ ਰੇਖਾ ਧਰਤੀ ਨੂੰ ਦੋ ਬਰਾਬਰ ਭਾਗਾਂ ਵਿੱਚ ਵੰਡਦੀ ਹੈ?**

**ਉੱਤਰ:-** ਭੂ ਮੱਧ ਰੇਖਾ

**ਪ੍ਰ05:-ਜਦੋਂ ਧਰਤੀ ਸੂਰਜ ਤੇ ਚੰਨ ਦੇ ਵਿਚਕਾਰ ਆ ਜਾਂਦੀ ਹੈ ਤਾਂ ਉਸ ਵੇਲੇ ਕਿਹੜਾ ਗ੍ਰਹਿਣ ਲੱਗਦਾ ਹੈ?**

**ਉੱਤਰ:-** ਚੰਨ ਗ੍ਰਹਿਣ।

**ਪ੍ਰ06:- ਸੂਰਜ ਦੇ ਸਭ ਤੋਂ ਨੇੜਲੇ ਗ੍ਰਹਿ ਦਾ ਨਾਂ ਦੱਸੋ?**

**ਉੱਤਰ:-** ਬੁੱਧ।

**ਪ੍ਰ07:- ਅਕਾਸ਼ ਗੰਗਾ ਦਾ ਹਿੱਸਾ ਜਿਹੜਾ ਅੱਠ ਗ੍ਰਹਿਾਂ ਅਤੇ ਸੂਰਜ ਤੋਂ ਬਣਿਆ ਹੈ, ਉਸਨੂੰ ਕੀ ਆਖਦੇ ਹਨ?**

**ਉੱਤਰ:-** ਸੌਰ ਮੰਡਲ ਜਾਂ ਸੂਰਜੀ ਪਰਿਵਾਰ।

**ਪ੍ਰ08:- ਧਰਤੀ ਦੇ ਉਪਗ੍ਰਹਿ ਦਾ ਨਾਂ ਦੱਸੋ?**

**ਉੱਤਰ:-** ਚੰਨ

**ਪ੍ਰ09:- ਸੂਰਜ, ਗ੍ਰਹਿਾਂ ਅਤੇ ਉਪਗ੍ਰਹਿਾਂ ਦੀ ਖਿੱਚ ਸ਼ਕਤੀ ਨੂੰ ਕੀ ਆਖਦੇ ਹਨ?**

**ਉੱਤਰ:-** ਗੁਰੂਤਾ ਸ਼ਕਤੀ।

**ਜਮਾਤ- ਛੇਵੀਂ**
**ਪਾਠ 2:- ਗਲੋਬ: ਧਰਤੀ ਦਾ ਮਾਡਲ**

**ਪ੍ਰ01:- ਧਰਤੀ ਨੂੰ ਪੂਰਾ ਵੇਖਣ ਅਤੇ ਪਰਖਣ ਲਈ ਜੋ ਧਰਤੀ ਦਾ ਮਾਡਲ ਬਣਾਇਆ ਗਿਆ ਹੈ, ਉਸ ਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਗਲੋਬ।

**ਪ੍ਰ02:- ਗਲੋਬ ਦੇ ਉਪਰਲੇ ਅਤੇ ਹੇਠਲੇ ਚਪਟੇ ਜਿਹੇ ਸਿਰਿਆਂ ਨੂੰ ਕੀ ਨਾਂ ਦਿੱਤੇ ਜਾਂਦੇ ਹਨ?**

**ਉੱਤਰ:-** ਉੱਤਰੀ ਅਤੇ ਦੱਖਣੀ ਧਰੁਵ

**ਪ੍ਰ03:- ਧਰਤ ਗੋਲੇ ਦੇ ਅੱਧੇ ਭਾਗ ਨੂੰ ਕੀ ਆਖਦੇ ਹਨ?**

**ਉੱਤਰ:-** ਅਰਧ ਗੋਲਾ

**ਪ੍ਰ04:- 0 ਡਿਗਰੀ ਲੰਬਕਾਰ ਨੂੰ ਕੀ ਨਾਂ ਦਿੱਤਾ ਗਿਆ ਹੈ?**

**ਉੱਤਰ:-** ਮੁੱਖ ਮਧਿਆਨ ਰੇਖਾ

**ਪ੍ਰ05:- 0 ਤੋਂ 23 ½ ਡਿਗਰੀ ਉੱਤਰ ਵਿੱਚ ਖਿੱਚੀ ਅਕਸ਼ਾਂਸ਼ ਰੇਖਾ ਨੂੰ ਕੀ ਕਹਿੰਦੇ ਹਨ?**

**ਉੱਤਰ:-** ਕਰਕ ਰੇਖਾ।

**ਪ੍ਰ06:- 0 ਤੋਂ 23 ½ ਡਿਗਰੀ ਦੱਖਣ ਵਿੱਚ ਖਿੱਚੀ ਅਕਸ਼ਾਂਸ਼ ਰੇਖਾ ਨੂੰ ਕੀ ਕਹਿੰਦੇ ਹਨ?**

**ਉੱਤਰ:-** ਮਕਰ ਰੇਖਾ।

**ਪ੍ਰ07:- ਜਿਉਂ ਜਿਉਂ ਭੂ ਮੱਧ ਰੇਖਾ ਤੋਂ ਦੂਰ ਜਾਈਏ ਤਾਂ ਤਾਪਮਾਨ ਵੱਧਦਾ ਹੈ ਜਾਂ ਘਟਦਾ ਹੈ?**

**ਉੱਤਰ:-** ਘਟਦਾ ਹੈ।

**ਪ੍ਰ08:- ਕਿਹੜੀਆਂ ਰੇਖਾਵਾਂ ਤਾਪਖੰਡ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ?**

**ਉੱਤਰ:-** ਅਕਸ਼ਾਂਸ਼ ਰੇਖਾਵਾਂ।

**ਪ੍ਰ09:- ਮੁੱਖ ਮਧਿਆਨ ਰੇਖਾ ਇੰਗਲੈਂਡ ਦੇ ਕਿਹੜੇ ਸ਼ਹਿਰ ਕੋਲੋਂ ਲੰਘਦੀ ਹੈ?**

**ਉੱਤਰ:-** ਲੰਡਨ।

**ਪ੍ਰ10:- ਭਾਰਤ ਵਿੱਚ ਕਿਹੜੇ ਦਿਸ਼ਾਂਤਰ ਦੇ ਸਮੇਂ ਨੂੰ ਭਾਰਤੀ ਪ੍ਰਮਾਣਿਕ ਸਮਾਂ ਮੰਨਿਆ ਗਿਆ ਹੈ?**

**ਉੱਤਰ:-** 82.5 ਡਿਗਰੀ ਪੂਰਬੀ ਦਿਸ਼ਾਂਤਰ।

ਜਮਾਤ- ਛੇਵੀਂ

ਪਾਠ 3:- ਧਰਤੀ ਦੀਆਂ ਗਤੀਆਂ

**ਪ੍ਰ01:- ਧਰਤੀ ਆਪਣੇ ਧੁਰੇ ਦੁਆਲੇ ਕਿਸ ਦਿਸ਼ਾ ਵੱਲ ਘੁੰਮਦੀ ਹੈ ?**

**ਉੱਤਰ:-** ਪੱਛਮ ਤੋਂ ਪੂਰਬ।

**ਪ੍ਰ02:- ਧਰਤੀ ਆਪਣੇ ਧੁਰੇ ਦੁਆਲੇ ਪੱਛਮ ਤੋਂ ਪੂਰਬ ਵੱਲ 24 ਘੰਟਿਆਂ ਵਿੱਚ ਇੱਕ ਚੱਕਰ ਕੱਟਦੀ ਹੈ, ਧਰਤੀ ਦੀ ਇਸ ਗਤੀ ਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਧਰਤੀ ਦੀ ਦੈਨਿਕ ਗਤੀ।

**ਪ੍ਰ03:- ਸੂਰਜ ਦੀ ਧਰਤੀ ਤੋਂ ਦੂਰੀ ਕਿੰਨੀ ਹੈ?**

**ਉੱਤਰ:-** 15 ਕਰੋੜ ਕਿਲੋਮੀਟਰ।

**ਪ੍ਰ04:- ਸਾਲ 2016 ਤੋਂ ਬਾਅਦ ਅਗਲਾ ਲੀਪ ਵਰ੍ਹਾ ਕਿਹੜਾ ਹੋਵੇਗਾ?**

**ਉੱਤਰ:-** 2020

**ਪ੍ਰ05:- 21 ਜੂਨ ਨੂੰ ਸੂਰਜ ਦੀਆਂ ਕਿਰਨਾਂ ਕਿਹੜੀ ਰੇਖਾ ਤੇ ਸਿੱਧੀਆਂ ਪੈਂਦੀਆਂ ਹਨ?**

**ਉੱਤਰ:-** ਕਰਕ ਰੇਖਾ ਤੇ।

**ਪ੍ਰ06:- 22 ਦਸੰਬਰ ਨੂੰ ਸੂਰਜ ਦੀਆਂ ਕਿਰਨਾਂ ਕਿਹੜੀ ਰੇਖਾ ਤੇ ਪੈਂਦੀਆਂ ਹਨ?**

**ਉੱਤਰ:-** ਮਕਰ ਰੇਖਾ ਤੇ।

**ਪ੍ਰ07:- ਕਿਹੜੇ ਖੇਤਰਾਂ ਵਿੱਚ 6 ਮਹੀਨੇ ਦਾ ਦਿਨ ਅਤੇ 6 ਮਹੀਨੇ ਦੀ ਰਾਤ ਹੁੰਦੀ ਹੈ?**

**ਉੱਤਰ:-** ਧਰੁਵੀ ਖੇਤਰਾਂ ਵਿੱਚ।

**ਪ੍ਰ08:- ਦਿਨ ਅਤੇ ਰਾਤ ਧਰਤੀ ਦੀ ਕਿਹੜੀ ਗਤੀ ਕਾਰਨ ਬਣਦੇ ਹਨ?**

**ਉੱਤਰ:-** ਦੈਨਿਕ ਗਤੀ।

**ਪ੍ਰ09:- ਰੁੱਤਾਂ ਵਿੱਚ ਤਬਦੀਲੀ ਧਰਤੀ ਦੀ ਕਿਹੜੀ ਗਤੀ ਕਾਰਨ ਹੁੰਦੀ ਹੈ ?**

**ਉੱਤਰ:-** ਵਾਰਸ਼ਿਕ ਗਤੀ।

ਜਮਾਤ- ਛੇਵੀਂ

## ਪਾਠ-4:- ਨਕਸ਼ੇ-ਸਾਡੇ ਕਿਵੇਂ ਮੱਦਦਗਾਰ

**ਪ੍ਰ01:- ਗਲੋਬ ਕਿਸ ਨੂੰ ਆਖਦੇ ਹਨ?**

**ਉੱਤਰ:-** ਧਰਤੀ ਦੇ ਹੂ-ਬਹੂ ਪ੍ਰਤੀਕ ਜਾਂ ਮਾਡਲ ਨੂੰ ਗਲੋਬ ਕਿਹਾ ਜਾਂਦਾ ਹੈ।

**ਪ੍ਰ02:- ਕਿਹੜੇ ਨਕਸ਼ੇ ਕਿਸੇ ਵੀ ਦੇਸ਼ ਦੇ ਪਹਾੜ, ਪਠਾਰ ਅਤੇ ਮੈਦਾਨਾਂ ਬਾਰੇ ਜਾਣਕਾਰੀ ਦਿੰਦੇ ਹਨ?**

**ਉੱਤਰ:-** ਭੌਤਿਕ ਨਕਸ਼ੇ।

**ਪ੍ਰ03:- ਕਿਹੜੇ ਨਕਸ਼ੇ ਸੱਭਿਆਚਾਰ ਦਾ ਵਿਸਥਾਰ, ਮੱਹਤਵਪੂਰਨ ਯਾਤਰਾਵਾਂ ਅਤੇ ਲੜਾਈਆਂ ਦਾ ਅਧਿਐਨ ਕਰਨ ਲਈ ਵਰਤੇ ਜਾਂਦੇ ਹਨ?**

**ਉੱਤਰ:-** ਇਤਿਹਾਸਕ ਨਕਸ਼ੇ।

**ਪ੍ਰ04:- ਨਕਸ਼ੇ ਦੇ ਤਿੰਨ ਜ਼ਰੂਰੀ ਤੱਤ ਦੱਸੋ?**

**ਉੱਤਰ:-** ਦੂਰੀ, ਦਿਸ਼ਾ ਅਤੇ ਪ੍ਰਮਾਣਿਕ ਚਿੰਨ।

**ਪ੍ਰ05:- ਨਕਸ਼ੇ ਵਿੱਚ ਦਿਸ਼ਾਵਾਂ ਕਿਸ ਨਿਸ਼ਾਨ ਨਾਲ ਦਿਖਾਈਆਂ ਜਾਂਦੀਆਂ ਹਨ?**

**ਉੱਤਰ:-** ਤੀਰ ਦੇ ਨਿਸ਼ਾਨ ਨਾਲ ਦਿਖਾਈਆਂ ਜਾਂਦੀਆਂ ਹਨ।

**ਪ੍ਰ06:- ਚਾਰ ਦਿਸ਼ਾਵਾਂ ਦੇ ਨਾਂ ਦੱਸੋ?**

**ਉੱਤਰ:-** ਉੱਤਰ, ਦੱਖਣ, ਪੂਰਬ, ਪੱਛਮ।

**ਪ੍ਰ07:- ਭਾਰਤ ਵਿੱਚ ਨਕਸ਼ੇ ਕਿਸ ਵਿਭਾਗ ਦੁਆਰਾ ਬਣਾਏ ਜਾਂਦੇ ਹਨ?**

**ਉੱਤਰ:-** ਸਰਵੇਖਣ ਵਿਭਾਗ ।

**ਪ੍ਰ08:- ਮਹਾਂਸਾਗਰਾਂ ਨੂੰ ਕਿਸ ਰੰਗ ਨਾਲ ਦਰਸਾਇਆ ਜਾਂਦਾ ਹੈ?**

**ਉੱਤਰ:-** ਨੀਲੇ ਰੰਗ ਨਾਲ ਦਰਸਾਇਆ ਜਾਂਦਾ ਹੈ।

**ਪ੍ਰ09:- ਨਕਸ਼ਾ ਕੀ ਹੈ?**

**ਉੱਤਰ:-** ਨਕਸ਼ਾ ਪੂਰੀ ਧਰਤੀ ਜਾਂ ਕੁੱਝ ਭਾਗ ਦਾ ਪੈਮਾਨੇ ਅਨੁਸਾਰ, ਪੱਧਰੀ ਸਤ੍ਹਾ ਤੇ ਖਿੱਚਿਆ ਹੋਇਆ ਰੂਪ ਹੈ।

**ਪ੍ਰ10:- ਨਕਸ਼ੇ ਵਿੱਚ ਮੈਦਾਨਾਂ ਨੂੰ ਕਿਸ ਰੰਗ ਨਾਲ ਦਰਸਾਇਆ ਜਾਂਦਾ ਹੈ?**

**ਉੱਤਰ:-** ਹਰੇ ਰੰਗ ਨਾਲ।

ਜਮਾਤ- ਛੇਵੀਂ
(ਪਾਠ-5:-ਧਰਤੀ ਦੇ ਪਰਿਮੰਡਲ )

**ਪ੍ਰ 01 :-ਸੰਸਾਰ ਦੀ ਸਭ ਤੋਂ ਉੱਚੀ ਚੋਟੀ ਦਾ ਨਾਂ ਦੱਸੋ?**

**ਉੱਤਰ :-** ਮਾਊਂਟ ਐਵਰੈਸਟ (8848 ਮੀਟਰ)।

**ਪ੍ਰ 02 :-ਸੰਸਾਰ ਦੀ ਸਭ ਤੋਂ ਨੀਵੀਂ ਖਾਈ ਦਾ ਨਾਂ ਦੱਸੋ?**

**ਉੱਤਰ :-** ਮੈਰੀਨਾ ਖਾਈ (10,911 ਮੀ.ਡੂੰਘੀ)।

**ਪ੍ਰ 03 :-ਭੂ-ਰੂਪਾਂ ਨੂੰ ਕਿਹੜੇ ਤਿੰਨ ਭਾਗਾਂ ਵਿੱਚ ਵੰਡਿਆਂ ਜਾਂਦਾ ਹੈ? ਨਾਂ ਦੱਸੋ**

**ਉੱਤਰ :-** ਪਹਾੜ, ਪਠਾਰ ਤੇ ਮੈਦਾਨ।

**ਪ੍ਰ 04 :-ਏਸ਼ੀਆ ਦੀ ਸਭ ਤੋਂ ਪ੍ਰਸਿੱਧ ਪਰਬਤ ਸ਼੍ਰੇਣੀ ਦਾ ਨਾਂ ਦੱਸੋ?**

**ਉੱਤਰ :-** ਹਿਮਾਲਾ।

**ਪ੍ਰ 05 :- ਸੰਸਾਰ ਵਿੱਚ ਕੁੱਲ ਕਿੰਨੇ ਮਹਾਂਦੀਪ ਹਨ?**

**ਉੱਤਰ :-** ਸੱਤ।

**ਪ੍ਰ 06 :-ਸੰਸਾਰ ਦਾ ਸਭ ਤੋਂ ਵੱਡਾ ਮਹਾਂਦੀਪ ਕਿਹੜਾ ਹੈ?**

**ਉੱਤਰ :-** ਏਸ਼ੀਆ।

**ਪ੍ਰ 07 :-ਸੰਸਾਰ ਦੇ ਸਭ ਤੋਂ ਛੋਟੇ ਮਹਾਂਦੀਪ ਦਾ ਨਾਂ ਦੱਸੋ?**

**ਉੱਤਰ :-** ਆਸਟ੍ਰੇਲੀਆ।

**ਪ੍ਰ 08 :-ਉਸ ਮਹਾਂਦੀਪ ਦਾ ਨਾਂ ਦੱਸੋ ਜਿਸ ਦੇ ਵਿਚਕਾਰੋਂ ਭੂ-ਮੱਧ ਰੇਖਾ ਗੁਜਰਦੀ ਹੈ?**

**ਉੱਤਰ :-** ਅਫਰੀਕਾ।

**ਪ੍ਰ 09 :-ਸੰਸਾਰ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ?**

**ਉੱਤਰ :-** ਰੂਸ।

**ਪ੍ਰ 10 :-ਸੰਸਾਰ ਦੇ ਸਭ ਤੋਂ ਛੋਟੇ ਦੇਸ਼ ਦਾ ਨਾ ਦੱਸੋ?**

**ਉੱਤਰ :-** ਵੈਟੀਕਨ ਸਿਟੀ ।

**ਪ੍ਰ 11 :-ਧਰਤੀ ਦੇ ਕੁੱਲ ਕਿੰਨੇ ਮਹਾਂਸਾਗਰ ਹਨ?**

**ਉੱਤਰ :-** ਚਾਰ (ਸ਼ਾਂਤ ਮਹਾਂਸਾਗਰ) (ਅੰਧ ਮਹਾਂਸਾਗਰ) (ਹਿੰਦ ਮਹਾਂਸਾਗਰ) (ਆਰਕਟਿਕ ਮਹਾਂਸਾਗਰ)

**ਪ੍ਰ 12 :-ਸੰਸਾਰ ਦਾ ਸਭ ਤੋਂ ਛੋਟਾ ਮਹਾਂਸਾਗਰ ਕਿਹੜਾ ਹੈ?**

**ਉੱਤਰ :-** ਆਰਕਟਿਕ ਮਹਾਂਸਾਗਰ।

(ਪਾਠ-6 ਸਾਡਾ ਭਾਰਤ:- ਸੰਸਾਰ ਵਿੱਚ)

**ਪ੍ਰ 01 :-ਭਾਰਤ ਦਾ ਖੇਤਰਫਲ ਪੱਖੋਂ ਸੰਸਾਰ ਵਿੱਚ ਕਿਹੜਾ ਸਥਾਨ ਹੈ?**

**ਉੱਤਰ :-** ਸੱਤਵਾਂ।

**ਪ੍ਰ 02 :-ਜਨਸੰਖਿਆ ਪੱਖੋਂ ਭਾਰਤ ਦਾ ਸੰਸਾਰ ਵਿੱਚ ਕਿਹੜਾ ਸਥਾਨ ਹੈ?**

**ਉੱਤਰ :-** ਦੂਸਰਾ।

**ਪ੍ਰ 03 :-ਉਸ ਰੇਖਾ ਦਾ ਨਾਂ ਦੱਸੋ ਜੋ ਭਾਰਤ ਨੂੰ ਦੋ ਬਰਾਬਰ ਭਾਗਾਂ ਵਿੱਚ ਵੰਡਦੀ ਹੈ?**

**ਉੱਤਰ :-** ਕਰਕ ਰੇਖਾ ।

**ਪ੍ਰ 04 :-ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਦੀ ਦੂਰੀ ਦੱਸੋ?**

**ਉੱਤਰ :-** ਲਗਭਗ 3214 ਕਿ.ਮੀ.

**ਪ੍ਰ 05 :-ਭਾਰਤ ਵਿੱਚ ਸੂਰਜ ਸਭ ਤੋਂ ਪਹਿਲਾਂ ਕਿਸ ਰਾਜ ਵਿੱਚ ਨਿਕਲਦਾ ਹੈ?**

**ਉੱਤਰ :-** ਅਰੁਨਾਚਲ ਪ੍ਰਦੇਸ਼।

**ਪ੍ਰ 06 :-ਭਾਰਤ ਦੇ ਕੋਈ ਪੰਜ ਗੁਆਂਢੀ ਦੇਸ਼ਾਂ ਦੇ ਨਾਂ ਦੱਸੋ?**

**ਉੱਤਰ :-** ਪਾਕਿਸਤਾਨ, ਚੀਨ, ਬੰਗਲਾਦੇਸ਼, ਸ਼੍ਰੀਲੰਕਾ, ਨੇਪਾਲ।

**ਪ੍ਰ 07 :- ਖੇਤਰਫਲ ਪੱਖੋ ਭਾਰਤ ਦਾ ਸਭ ਤੋਂ ਵੱਡੇ ਅਤੇ ਛੋਟੇ ਰਾਜ ਦਾ ਨਾਂ ਦੱਸੋ?**

**ਉੱਤਰ :-** ਰਾਜਸਥਾਨ ਸਭ ਤੋਂ ਵੱਡਾ ਅਤੇ ਗੋਆ ਸਭ ਤੋਂ ਛੋਟਾ ਰਾਜ ਹੈ।

**ਪ੍ਰ 08 :-ਭਾਰਤ ਦੀ ਰਾਜਧਾਨੀ ਦਾ ਨਾਂ ਦੱਸੋ?**

**ਉੱਤਰ :-** ਨਵੀਂ ਦਿੱਲੀ।

**ਪ੍ਰ 09 :-ਭਾਰਤ ਵਿੱਚ ਸਥਿਤ ਮਾਰੂਥਲ ਦਾ ਨਾਂ ਦੱਸੋ?**

**ਉੱਤਰ :-** ਥਾਰ ਦਾ ਮਾਰੂਥਲ।

**ਪ੍ਰ 10 :-ਭਾਰਤ ਦੀ ਦੱਖਣੀ ਸੀਮਾ ਬਿੰਦੂ ਦਾ ਨਾਂ ਦੱਸੋ?**

**ਉੱਤਰ :-** ਇੰਦਰਾ ਪੁਆਇੰਟ ।

## ਪਾਠ 7:- ਭਾਰਤ ਦਾ ਜਲਵਾਯੂ - ਬਨਸਪਤੀ ਅਤੇ ਜੰਗਲੀ ਜੀਵਨ

**ਪ੍ਰਸ਼ਨ 01 ਭਾਰਤ ਵਿੱਚ ਤਾਪਮਾਨ ਅਤੇ ਮਾਨਸੂਨ ਦੀ ਭਿੰਨਤਾ ਦੇ ਆਧਾਰ ਤੇ ਕਿੰਨੀਆਂ ਰੁੱਤਾਂ ਪਾਈਆਂ ਜਾਂਦੀਆਂ ਹਨ, ਨਾਂ ਦੱਸੋ?**

ਉੱਤਰ:- ਚਾਰ ਰੁੱਤਾਂ:- ਸਰਦੀ ਦੀ ਰੁੱਤ, ਗਰਮੀ ਦੀ ਰੁੱਤ, ਮਾਨਸੂਨ ਰੁੱਤ, ਪਰਤਦੀ ਮਾਨਸੂਨ ਦੀ ਰੁੱਤ।

**ਪ੍ਰਸ਼ਨ02:- ਭਾਰਤ ਵਿੱਚ ਗਰਮੀ ਦੀ ਰੁੱਤ ਦੌਰਾਨ ਸੂਰਜ ਦੀਆਂ ਕਿਰਨਾਂ ਕਿਸ ਰੇਖਾ ਤੇ ਲਗਪਗ ਸਿੱਧੀਆਂ ਪੈਂਦੀਆਂ ਹਨ?**

ਉੱਤਰ:- ਕਰਕ ਰੇਖਾ।

**ਪ੍ਰਸ਼ਨ03 ਭਾਰਤ ਦੀ ਬਨਸਪਤੀ ਨੂੰ ਮੁੱਖ ਤੌਰ ਤੇ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ?**

ਉੱਤਰ:- ਪੰਜ ਭਾਗਾਂ ਵਿੱਚ।

**ਪ੍ਰਸ਼ਨ04 ਊਸ਼ਣ ਸਦਾ ਬਹਾਰ ਵਣਾਂ ਦੀਆਂ ਪ੍ਰਮੁੱਖ ਰੁੱਖਾਂ ਦੀਆਂ ਵੰਨਗੀਆਂ ਦੇ ਨਾਂ ਦੱਸੋ?**

ਉੱਤਰ:-ਮਹਾਗਨੀ, ਰੋਜ਼ਵੁੱਡ ਅਤੇ ਬਾਂਸ।

**ਪ੍ਰਸ਼ਨ05 ਸੁਚੱਜੇ ਪਰਿਸਥਿਤੀ ਸੰਤੁਲਨ ਨੂੰ ਬਣਾਈ ਰੱਖਣ ਲਈ ਕਿੰਨਾ ਹਿੱਸਾ ਜੰਗਲਾਂ ਹੇਠ ਹੋਣਾ ਚਾਹੀਦਾ ਹੈ?**

ਉੱਤਰ:- ਇਕ ਤਿਹਾਈ ।

**ਪ੍ਰਸ਼ਨ06:- ਜੰਗਲ ਖੋਜ ਸੰਸਥਾਵਾਂ ਭਾਰਤ ਵਿੱਚ ਕਿੱਥੇ-ਕਿੱਥੇ ਹਨ?**

ਉੱਤਰ:- ਦੇਹਰਾਦੂਨ ਅਤੇ ਕੋਇੰਬਟੂਰ।

**ਪ੍ਰਸ਼ਨ07:- ਭਾਰਤ ਦੇ ਰਾਸ਼ਟਰੀ ਪੰਛੀ ਦਾ ਨਾਂ ਦੱਸੋ?**

ਉੱਤਰ:- ਮੋਰ।

**ਪ੍ਰਸ਼ਨ08 ਜੰਗਲੀ ਜੀਵ ਹਫਤਾ ਹਰ ਸਾਲ ਕਿਸ ਮਹੀਨੇ ਵਿੱਚ ਮਨਾਇਆ ਜਾਂਦਾ ਹੈ?**

ਉੱਤਰ:- ਅਕਤੂਬਰ।

**ਪ੍ਰਸ਼ਨ09 ਡੈਲਟਾ ਦੇ ਸੁੰਦਰਬਨਾਂ ਵਿਚ ਮਿਲਣ ਵਾਲੀ ਬਨਸਪਤੀ ਦਾ ਨਾਂ ਦੱਸੋ?**

ਉੱਤਰ:- ਜਵਾਰੀ ਬਨਸਪਤੀ।

**ਪ੍ਰਸ਼ਨ10 ਭਾਰਤ ਵਿੱਚ ਮਾਨਸੂਨ ਰੁੱਤ ਕਿਹੜੇ ਤੋਂ ਕਿਹੜੇ ਮਹੀਨੇ ਤੱਕ ਹੁੰਦੀ ਹੈ?**

ਉੱਤਰ:- ਮੱਧ ਜੂਨ ਤੋਂ ਸਤੰਬਰ ਤੱਕ।

## ਪਾਠ-8:- ਪ੍ਰਾਚੀਨ ਇਤਿਹਾਸ ਦਾ ਅਧਿਐਨ-ਸ੍ਰੋਤ

**ਪ੍ਰ01:- 'ਇਤਿਹਾਸ ਦਾ ਪਿਤਾਮਾ' ਕਿਸ ਨੂੰ ਕਿਹਾ ਜਾਂਦਾ ਹੈ?**

**ਉੱਤਰ:-** ਹੈਰੋਡੋਟਸ ਨੂੰ।

**ਪ੍ਰ02:- ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਨਹੀਂ ਹੈ ਉਸ ਕਾਲ ਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਪੂਰਵ ਇਤਿਹਾਸ ਕਾਲ।

**ਪ੍ਰ03:- ਜਿਨ੍ਹਾਂ ਤੱਥਾਂ ਤੋਂ ਸਾਨੂੰ ਪ੍ਰਾਚੀਨ ਮਨੁੱਖ ਦੀ ਕਹਾਣੀ ਜਾਨਣ ਵਿੱਚ ਸਹਾਇਤਾ ਮਿਲਦੀ ਹੈ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਇਤਿਹਾਸ ਦੇ ਸ੍ਰੋਤ।

**ਪ੍ਰ04:- ਪੁਸਤਕਾਂ,ਸਾਹਿਤਕ ਸ੍ਰੋਤ ਤੇ ਪ੍ਰਾਚੀਨ ਖੰਡਰ,ਵਸਤਾਂ ਆਦਿ ਕਿਹੜੇ ਸ੍ਰੋਤ ਅਖਵਾਉਦੀਆਂ ਹਨ?**

**ਉੱਤਰ:-** ਪੁਰਾਤੱਤਵ ਸ੍ਰੋਤ।

**ਪ੍ਰ05:- ਰਾਮਾਇਣ ਦੀ ਰਚਨਾ ਕਿਸਨੇ ਕੀਤੀ?**

**ਉੱਤਰ:-** **ਮਹਾਂ**ਰਿਸ਼ੀ ਬਾਲਮੀਕ ਜੀ ਨੇ।

**ਪ੍ਰ06:- ਪ੍ਰਾਚੀਨ ਕਾਲ ਵਿੱਚ ਮਨੁੱਖ ਕਿੱਥੇ ਰਹਿੰਦਾ ਸੀ?**

**ਉੱਤਰ:-** ਗੁਫਾਵਾਂ ਵਿੱਚ।

**ਪ੍ਰ07:- ਇਤਿਹਾਸ ਕਿਸਦਾ ਅਧਿਐਨ ਹੈ?**

**ਉੱਤਰ:-** ਅਤੀਤ ਦਾ (ਭੂਤਕਾਲ)।

**ਪ੍ਰ08:- ਕੌਟੱਲਿਆ ਨੇ ਕਿਹੜੀ ਕਿਤਾਬ ਲਿਖੀ?**

**ਉੱਤਰ:-** ਅਰਥ ਸ਼ਾਸ਼ਤਰ।

**ਪ੍ਰ09:- ਸਿੱਕਿਆਂ ਦੇ ਅਧਿਐਨ ਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਸਿੱਕਿਆਂ ਦੀ ਵਿੱਦਿਆ।

**ਪ੍ਰ10:- ਸਾਂਚੀ ਦਾ ਸਤੂਪ ਸਾਡੇ ਦੇਸ਼ ਦੇ ਕਿਸ ਰਾਜ ਵਿੱਚ ਸਥਿੱਤ ਹੈ?**

**ਉੱਤਰ:-** ਮੱਧ ਪ੍ਰਦੇਸ਼ ਵਿੱਚ

## ਪਾਠ-9:- ਆਦਿ ਮਨੁੱਖ ਪੱਥਰ ਯੁੱਗ

**ਪ੍ਰ01:- ਆਦਿ ਮਾਨਵ ਦਾ ਰਹਿਣ ਸਹਿਣ ਕਿਸ ਤਰ੍ਹਾਂ ਦਾ ਸੀ?**

**ਉੱਤਰ:-** ਜਾਨਵਰਾਂ ਵਰਗਾ।

**ਪ੍ਰ02:- ਆਦਿ ਮਾਨਵ ਆਪਣੇ ਸ਼ਰੀਰ ਨੂੰ ਕਿਸ ਤਰਾਂ ਢਕਦਾ ਸੀ?**

**ਉੱਤਰ:-** ਜਾਨਵਰਾਂ ਦੀਆਂ ਖੱਲਾਂ, ਦਰੱਖਤ ਦੇ ਪੱਤੇ ਅਤੇ ਛਿਲਕੇ।

**ਪ੍ਰ03:- ਆਦਿ ਮਨੁੱਖ ਨੇ ਆਵਾਜਾਈ ਦੀ ਸਹੂਲਤ ਲਈ ਕਿਸ ਚੀਜ਼ ਦੀ ਖੋਜ ਕੀਤੀ?**

**ਉੱਤਰ:-** ਪਹੀਏ ਦੀ।

**ਪ੍ਰ04:- ਪੱਥਰ ਯੁੱਗ ਦਾ ਮਨੁੱਖ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ ?**

**ਉੱਤਰ:-** ਸ਼ਿਕਾਰੀ ਅਤੇ ਖਾਧ ਸੰਗ੍ਰਿਹਕ।

**ਪ੍ਰ05:- 'ਪੁਰਾਤਨ ਪੱਥਰ ਯੁੱਗ' ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ?**

**ਉੱਤਰ:-** ਪੈਲੀਆਲੀਥਿਕ ਪੀਰੀਅਡ।

**ਪ੍ਰ06:- ਧਰਤੀ ਉਪਰ ਮਨੁੱਖ ਦੀ ਹੋਂਦ ਲਗਭਗ ਕਿੰਨੇ ਸਾਲ ਪਹਿਲਾਂ ਹੋਈ ?**

**ਉੱਤਰ:-** ਚਾਲੀ ਲੱਖ ਸਾਲ ਪਹਿਲਾਂ।

**ਪ੍ਰ07:- ਮੱਧ ਕਾਲ ਵਿੱਚ ਭੀਮ ਬੈਠਕਾ ਨਾਮੀ ਸਥਾਨ ਤੇ ਬਣੀ ਚਿੱਤਰਕਾਰੀ ਕਿਸ ਰਾਜ ਵਿੱਚ ਹੈ ?**

**ਉੱਤਰ:-** ਮੱਧ ਪ੍ਰਦੇਸ਼ ਵਿੱਚ।

**ਪ੍ਰ08:- ਪਹੀਏ ਦੀ ਖੋਜ ਨੇ ਮਨੁੱਖ ਦੀ ਕਿਸ ਤਰ੍ਹਾਂ ਸਹਾਇਤਾ ਕੀਤੀ?**

**ਉੱਤਰ:-** ਇੱਕ ਥਾਂ ਤੋਂ ਦੂਜੀ ਥਾਂ ਤੇ ਆਉਣ ਜਾਣ ਵਿੱਚ, ਸਮਾਨ ਲਿਆਉਣ ਅਤੇ ਲਿਜਾਣ ਵਿੱਚ।

**ਪ੍ਰ09:- ਮੱਧ ਪੱਥਰ ਯੁੱਗ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?**

**ਉੱਤਰ:-** ਮੈਸੋਲਿਥਿਕ ਕਾਲ।

## ਪਾਠ-10:- ਹੜੱਪਾ ਸੱਭਿਅਤਾ

**ਪ੍ਰ01:- ਭਾਰਤ ਦੀ ਸਭ ਤੋਂ ਪੁਰਾਣੀ ਸੱਭਿਅਤਾ ਜਿਹੜੀ ਸਿੰਧ ਨਦੀ ਦੇ ਕੰਢੇ ਉੱਤੇ ਵਿਕਸਤ ਹੋਈ ਉਸਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਸਿੰਧ ਘਾਟੀ ਸੱਭਿਅਤਾ।

**ਪ੍ਰ02:- ਸਿੰਧ ਘਾਟੀ ਸੱਭਿਅਤਾ ਦੇ ਲੋਕ ਕਿਸ ਦੇਵੀ ਦੀ ਪੂਜਾ ਕਰਦੇ ਸਨ?**

**ਉੱਤਰ:-** ਮਾਤਾ ਦੇਵੀ ਦੀ।

**ਪ੍ਰ03:- ਹੜੱਪਾ ਸੱਭਿਅਤਾ ਦੇ ਮਕਾਨ ਕਿਸ ਚੀਜ਼ ਦੇ ਬਣੇ ਹੋਏ ਸਨ?**

**ਉੱਤਰ:-** ਪੱਕੀਆਂ ਇੱਟਾਂ ਅਤੇ ਲੱਕੜੀ ਦੇ।

**ਪ੍ਰ04:- ਹੜੱਪਾ ਸੱਭਿਅਤਾ ਨਾਲ ਸਬੰਧਤ ਇਸ਼ਨਾਨ ਘਰ ਕਿਸ ਜਗ੍ਹਾ ਤੋਂ ਖੁਦਾਈ ਦੌਰਾਨ ਪ੍ਰਾਪਤ ਹੋਇਆ ਹੈ?**

**ਉੱਤਰ:-** ਮੋਹਿੰਜੋਦੜੋ।

**ਪ੍ਰ05:- ਹੜੱਪਾ ਸੱਭਿਅਤਾ ਨਾਲ ਸਬੰਧਤ ਸਥਾਨ ਸੰਘੋਲ ਪੰਜਾਬ ਦੇ ਕਿਸ ਜ਼ਿਲ੍ਹੇ ਵਿੱਚ ਸਥਿਤ ਹਨ?**

**ਉੱਤਰ:-** ਫਤਿਹਗੜ੍ਹ ਸਾਹਿਬ।

**ਪ੍ਰ06:- ਹੜੱਪਾ ਸੱਭਿਅਤਾ, ਮਿਸਰ ਦੀ ਸੱਭਿਅਤਾ ਨਾਲੋਂ ਲੱਗਭੱਗ ਕਿੰਨੇ ਗੁਣਾ ਵੱਡੀ ਸੀ?**

**ਉੱਤਰ:-** ਵੀਹ ਗੁਣਾ।

**ਪ੍ਰ07:- ਸਿੰਧ ਘਾਟੀ ਦੀ ਸੱਭਿਅਤਾ ਦਾ ਪਤਨ ਕਦੋਂ ਹੋਇਆ?**

**ਉੱਤਰ:-** 1500 ਈ. ਪੂਰਵ।

**ਪ੍ਰ08:- ਸਿੰਧ ਘਾਟੀ ਸੱਭਿਅਤਾ ਵਿੱਚ ਪਸ਼ੂਪਤੀ ਭਗਵਾਨ ਕਿਸ ਨੂੰ ਕਿਹਾ ਜਾਂਦਾ ਸੀ?**

**ਉੱਤਰ:-** ਭਗਵਾਨ ਸ਼ਿਵ ਨੂੰ।

# ਪਾਠ-11:- ਵੈਦਿਕ ਕਾਲ

**ਪ੍01:- ਸੰਸਾਰ ਦੀ ਸਭ ਤੋਂ ਪੁਰਾਣੀ ਪੁਸਤਕ ਕਿਹੜੀ ਹੈ?**

**ਉੱਤਰ:-** ਰਿਗਵੇਦ।

**ਪ੍02:- ਚਾਰ ਵੇਦਾਂ ਦੇ ਨਾਂ ਦੱਸੋ?**

**ਉੱਤਰ:-** ਰਿਗਵੇਦ, ਸਾਮਵੇਦ, ਯਜੁਰਵੇਦ, ਅਥਰਵਵੇਦ।

**ਪ੍03:- ਵੈਦਿਕ ਸੱਭਿਅਤਾ ਦੇ ਲੋਕਾਂ ਨੂੰ ਕੀ ਕਿਹਾ ਜਾਂਦਾ ਸੀ?**

**ਉੱਤਰ:-** ਆਰੀਆ।

**ਪ੍04:- 'ਸਪਤ ਸਿੰਧੂ' ਜਾਂ 'ਸੱਤ ਨਦੀਆਂ' ਦਾ ਪ੍ਰਦੇਸ਼ ਕਿਸ ਨੂੰ ਕਿਹਾ ਜਾਂਦਾ ਸੀ?**

**ਉੱਤਰ:-** ਪੰਜਾਬ ਨੂੰ।

**ਪ੍05:- ਬਹੁਤ ਜ਼ਿਆਦਾ ਸ਼ਕਤੀਸ਼ਾਲੀ ਰਾਜਿਆਂ ਨੂੰ ਕੀ ਕਿਹਾ ਜਾਂਦਾ ਸੀ?**

**ਉੱਤਰ:-** ਸਮਰਾਟ।

**ਪ੍06:- ਪ੍ਰਾਚੀਨ ਕਾਲ ਵਿੱਚ ਸਮਾਜ ਜਿਹੜੇ ਚਾਰ ਭਾਗਾਂ ਵਿੱਚ ਵੰਡਿਆ ਹੋਇਆ ਸੀ, ਉਸ ਨੂੰ ਕੀ ਕਿਹਾ ਜਾਂਦਾ ਸੀ?**

**ਉੱਤਰ:-** ਵਰਣ ਵੰਡ।

**ਪ੍07:- ਵੈਦਿਕ ਲੋਕਾਂ ਦਾ ਮੁੱਖ ਭੋਜਨ ਕੀ ਸੀ?**

**ਉੱਤਰ:-** ਕਣਕ, ਚਾਵਲ ਅਤੇ ਦਾਲਾਂ।

**ਪ੍08:- ਵੈਦਿਕ ਕਾਲ ਵਿੱਚ ਅਪਲਾ, ਘੋਸ਼ਾ ਤੇ ਵਿਸ਼ਵਾਰਾ ਕੌਣ ਸਨ?**

**ਉੱਤਰ:-** ਪੜ੍ਹੀਆਂ ਲਿਖੀਆਂ ਪ੍ਰਸਿੱਧ ਇਸਤਰੀਆਂ

**ਪ੍09:- ਵੈਦਿਕ ਕਾਲ ਵਿੱਚ ਪਿੰਡ ਦੇ ਮੁੱਖੀ ਨੂੰ ਕੀ ਕਹਿੰਦੇ ਸਨ?**

**ਉੱਤਰ:-** ਗ੍ਰਾਮਣੀ।

**ਪ੍10:- ਵੈਦਿਕ ਕਾਲ ਵਿੱਚ ਸਮਾਜ ਕਿਹੜੇ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ?**

**ਉੱਤਰ:-** ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ।

## ਪਾਠ-12:- ਭਾਰਤ 600 ਈ. ਪੂਰਵ ਤੋਂ 400 ਈ. ਪੂਰਵ ਤੱਕ

**ਪ੍ਰ01:- ਉੱਤਰੀ ਭਾਰਤ ਵਿੱਚ 600 ਈ:ਪੂਰਵ ਦੇ ਲਗਭਗ ਕਈ ਗਣਤੰਤਰ ਰਾਜਾਂ ਦੀ ਸਥਾਪਨਾ ਹੋਈ ਉਹਨਾਂ ਨੂੰ ਕੀ ਕਿਹਾ ਜਾਂਦਾ ਸੀ? ਇਹਨਾਂ ਦੀ ਗਿਣਤੀ ਵੀ ਦੱਸੋ:-**

**ਉੱਤਰ:-** ਮਹਾਜਨਪਦ, ਇਹਨਾਂ ਦੀ ਗਿਣਤੀ 16 ਦੱਸੀ ਜਾਂਦੀ ਹੈ।

**ਪ੍ਰ02:- ਬਿੰਬੀਸਾਰ ਨੇ ਮਗਧ ਦੀ ਰਾਜਧਾਨੀ ਕਿਸ ਜਗ੍ਹਾ ਨੂੰ ਬਣਾਇਆ?**

**ਉੱਤਰ:-** ਨਾਲੰਦਾ ਦੇ ਨੇੜੇ ਰਾਜ ਗ੍ਰਹਿ ਨੂੰ।

**ਪ੍ਰ03:- ਨਗਰੀਕਰਨ ਕਾਲ ਤੋਂ ਕੀ ਭਾਵ ਹੈ?**

**ਉੱਤਰ:-** ਜਿਸ ਕਾਲ ਵਿੱਚ ਬਹੁਤ ਸਾਰੇ ਵੱਡੇ ਸ਼ਹਿਰਾਂ ਦੀ ਸਥਾਪਨਾ ਹੋਈ ਉਸ ਨੂੰ ਨਗਰੀਕਰਨ ਕਾਲ ਕਿਹਾ ਜਾਂਦਾ ਹੈ।

**ਪ੍ਰ04:- ਜੈਨ ਧਰਮ ਦੇ ਪਹਿਲੇ ਸੰਸਥਾਪਕ ਕੌਣ ਸਨ?**

**ਉੱਤਰ:-** ਭਗਵਾਨ ਰਿਸ਼ਭਦੇਵ।

**ਪ੍ਰ05:- ਪਟਨਾ ਦਾ ਪੁਰਾਣਾ ਨਾਂ ਦੱਸੋ?**

**ਉੱਤਰ:-** ਪਾਟਲੀਪੁੱਤਰ।

**ਪ੍ਰ06:- ਜੈਨ ਧਰਮ ਦੇ 24ਵੇਂ ਤੀਰਥੰਕਰ ਦਾ ਨਾਂ ਦੱਸੋ?**

**ਉੱਤਰ:-** ਮਹਾਂਵੀਰ ਸਵਾਮੀ।

**ਪ੍ਰ07:- ਜੈਨ ਧਰਮ ਵਿੱਚ ਕਿੰਨੇ ਤੀਰਥੰਕਰ ਹੋਏ ਹਨ?**

**ਉੱਤਰ:-** 24 ਤੀਰਥੰਕਰ।

**ਪ੍ਰ08:- ਅਹਿੰਸਾ ਤੋਂ ਕੀ ਭਾਵ ਹੈ?**

**ਉੱਤਰ:-** ਕਿਸੇ ਜੀਵ ਦੀ ਹੱਤਿਆ ਨਾ ਕਰਨਾ।

**ਪ੍ਰ09:- ਬੁੱਧ ਧਰਮ ਦੇ ਸੰਸਥਾਪਕ ਕੋਣ ਸਨ?**

**ਉੱਤਰ:-** ਗੌਤਮ ਬੁੱਧ।

**ਪ੍ਰ10:- ਮਹਾਤਮਾ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਕਿੱਥੋਂ ਹੋਈ?**

**ਉੱਤਰ:-** ਬਿਹਾਰ ਵਿੱਚ ਬੋਧ ਗਯਾ ਦੇ ਸਥਾਨ ਤੇ ਪਿੱਪਲ ਦੇ ਦਰੱਖਤ ਹੇਠਾਂ ਹੋਈ।

**ਪ੍ਰ11:- ਬੁੱਧ ਧਰਮ ਨੂੰ ਕਿਹੜੇ ਕਿਹੜੇ ਮਹਾਰਾਜਿਆਂ ਨੇ ਅਪਨਾਇਆ?**

**ਉੱਤਰ:-** ਅਸ਼ੋਕ, ਕਨਿਸ਼ਕ, ਹਰਸ਼ਵਰਧਨ।

**ਪ੍ਰ12:- ਬੁੱਧ ਧਰਮ ਦਾ ਪ੍ਰਚਾਰ ਕਿਹੜੇ ਤਿੰਨ ਗੁਆਂਢੀ ਦੇਸ਼ਾਂ ਵਿੱਚ ਹੋਇਆ?**

**ਉੱਤਰ:-** ਚੀਨ, ਮੀਆਂਮਾਰ (ਬਰਮਾ) ਅਤੇ ਸ੍ਰੀਲੰਕਾ।

**ਪ੍ਰ13:- ਮਹਾਤਮਾ ਬੁੱਧ ਸਮੇਂ ਸਮਾਜ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਸੀ?**

**ਉੱਤਰ:-** 4 ਭਾਗਾਂ ਵਿੱਚ ਵੰਡਿਆ ਗਿਆ ਸੀ:- ਬ੍ਰਾਹਮਣ, ਖੱਤਰੀ , ਵੈਸ਼ ਅਤੇ ਸ਼ੁਦਰ।

(ਪਾਠ 13 :-ਮੌਰੀਆ ਅਤੇ ਸ਼ੁੰਗ-ਕਾਲ)

**ਪ੍ਰ 01 :- ਸਿਕੰਦਰ ਕੋਣ ਸੀ?**
**ਉੱਤਰ :-** ਸਿਕੰਦਰ ਮਕਦੂਨੀਆਂ ਦਾ ਇਕ ਮਹਾਨ ਯੂਨਾਨੀ ਜੇਤੂ ਸੀ।

**ਪ੍ਰ 02 :- ਰਾਜਾ ਪੋਰਸ ਨੇ ਕਿਸ ਨਾਲ ਡੱਟ ਕੇ ਮੁਕਾਬਲਾ ਕੀਤਾ ਸੀ?**

**ਉੱਤਰ :-** ਸਿੰਕਦਰ ਨਾਲ।

**ਪ੍ਰ 03 :-ਚੰਦਰ ਗੁਪਤ ਮੌਰੀਆ ਦੇ ਗੁਰੂ ਦਾ ਕੀ ਨਾਂ ਸੀ?**

**ਉੱਤਰ :-** ਗੁਰੂ ਚਾਣਕਿਆ।

**ਪ੍ਰ 04 :-ਚਾਣਕਿਆ ਦਾ ਦੂਜਾ ਨਾਂ ਕੀ ਸੀ?**

**ਉੱਤਰ :-** ਕੌਟੱਲਿਆ।

**ਪ੍ਰ 05 :-ਕੌਟੱਲਿਆ ਦੁਆਰਾ ਲਿਖੀ ਗਈ ਪੁਸਤਕ ਦਾ ਨਾਂ ਦੱਸੋ?**

**ਉੱਤਰ :-** ਅਰਥ ਸ਼ਾਸ਼ਤਰ।

**ਪ੍ਰ 06 :-ਅਸ਼ੋਕ ਨੇ ਕਿਸ ਯੁੱਧ ਤੋਂ ਬਾਅਦ ਹਮੇਸ਼ਾ ਲਈ ਯੁੱਧ ਕਰਨ ਦਾ ਤਿਆਗ ਕੀਤਾ?**

**ਉੱਤਰ :-** ਕਲਿੰਗ ਯੁੱਧ ਤੋਂ ਬਾਅਦ।

**ਪ੍ਰ 07 :-ਅਸ਼ੋਕ ਨੇ ਕਿਸ ਧਰਮ ਨੂੰ ਅਪਣਾਇਆ?**

**ਉੱਤਰ :-** ਬੁੱਧ ਧਰਮ ਨੂੰ।

**ਪ੍ਰ 08 :-ਸਾਡੇ ਦੇਸ਼ ਦੇ ਰਾਸ਼ਟਰੀ ਚਿੰਨ ਅਸ਼ੋਕਾ ਸਤੰਭ ਨੂੰ ਮੰਨਿਆ ਗਿਆ ਹੈ ਅਤੇ ਇਹ ਕਿੱਥੇ ਸਥਿਤ ਹੈ?**

**ਉੱਤਰ :-** ਸਾਰਨਾਥ (ਉੱਤਰ ਪ੍ਰਦੇਸ਼)ਵਿੱਚ।

**ਪ੍ਰ 09 :-ਮੌਰੀਆ ਵੰਸ਼ ਦੇ ਮਹਾਨ ਸ਼ਾਸ਼ਕ ਦਾ ਨਾਂ ਦੱਸੋ ਜਿਸ ਦੀ ਗਿਣਤੀ ਸੰਸਾਰ ਦੇ ਮਹਾਨ ਰਾਜਿਆਂ ਵਿੱਚ ਕੀਤੀ ਜਾਂਦੀ ਹੈ?**

**ਉੱਤਰ :-** ਅਸ਼ੋਕ ਮਹਾਨ।

**ਪ੍ਰ 10 :-ਅੰਤਿਮ ਮੌਰੀਆ ਸਮਰਾਟ ਕੋਣ ਸੀ। ਉਸ ਨੂੰ ਕਿਸ ਨੇ ਮਾਰਿਆ?**

**ਉੱਤਰ :-** ਬ੍ਰਿਹਦਰਥ ਅੰਤਿਮ ਮੌਰੀਆ ਸਮਰਾਟ ਸੀ ਜਿਸਨੂੰ ਉਸ ਦੇ ਸੈਨਾਪਤੀ ਪੁਸ਼ਿਆਮਿੱਤਰ ਸ਼ੁੰਗ ਨੇ ਕਤਲ ਕਰ ਦਿੱਤਾ ਸੀ।

(ਪਾਠ-14:- ਭਾਰਤ 200ਈ. ਪੂ ਤੋਂ 300 ਈ. ਪੂਰਵ ਤੱਕ)

**ਪ੍ਰ 01 :-ਵਿੰਧੀਆਚਲ ਪਰਬਤ ਅਤੇ ਨਰਮਦਾ ਨਦੀ ਦੇ ਦੱਖਣੀ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ?**
**ਉੱਤਰ :-** ਦੱਕਨ।

**ਪ੍ਰ 02 :-ਸਾਤਵਾਹਨਾਂ ਨੇ ਦੱਕਨ ਵਿੱਚ ਕਿੰਨਾ ਸਮਾਂ ਰਾਜ ਕੀਤਾ?**

**ਉੱਤਰ :-** ਲਗਭਗ 300 ਸਾਲ।

**ਪ੍ਰ 03:-ਸਾਤਵਾਹਨ ਰਾਜੇ ਕਿਸ ਧਰਮ ਨੂੰ ਮੰਨਦੇ ਸਨ?**

**ਉੱਤਰ :-** ਹਿੰਦੂ ਧਰਮ ।

**ਪ੍ਰ 04 :-ਮਹਾਪਾਸ਼ਾਣ ਕਿਸ ਨੂੰ ਕਿਹਾ ਜਾਂਦਾ ਹੈ?**

**ਉੱਤਰ :-** ਕਿਸੇ ਵਿਸ਼ਾਲ ਪੱਥਰ ਨੂੰ ਮਹਾਪਸ਼ਾਣ ਕਿਹਾ ਜਾਂਦਾ ਸੀ।

**ਪ੍ਰ 05:-ਇੱਕ ਪ੍ਰਸਿੱਧ ਚੋਲ ਰਾਜੇ ਦਾ ਨਾਮ ਦੱਸੋ?**

**ਉੱਤਰ :-** ਰਾਜਾ ਕਾਰੀਕਲ।

**ਪ੍ਰ 06 :-ਭਾਰਤ ਦਾ ਖੇਤਰਫਲ ਪੱਖੋ ਸੰਸਾਰ ਵਿੱਚ ਕਿਹੜਾ ਸਥਾਨ ਹੈ?**

**ਉੱਤਰ :-** ਸੱਤਵਾਂ।

**ਪ੍ਰ 07 :-ਪਾਂਡਯ ਰਾਜ ਦੀ ਰਾਜਧਾਨੀ ਦਾ ਨਾਂ ਦੱਸੋ?**

**ਉੱਤਰ :-** ਮਦੁਰਾ।

**ਪ੍ਰ 08 :-ਪਾਂਡਯ ਰਾਜ ਕਿਸ ਦੇ ਵਪਾਰ ਲਈ ਪ੍ਰਸਿੱਧ ਸੀ?**

**ਉੱਤਰ :-** ਮੋਤੀਆਂ ਦੇ ਵਪਾਰ ਲਈ।

**ਪ੍ਰ 09 :-ਭਾਰਤ ਵਿੱਚ ਇਸਾਈ ਧਰਮ ਦਾ ਪ੍ਰਸਾਰ ਸਭ ਤੋਂ ਪਹਿਲਾਂ ਕਿਥੇ ਹੋਇਆ?**

**ਉੱਤਰ :-** ਮਾਲਾਬਾਰ ਤੱਟ ਅਤੇ ਚੇੱਨਈ (ਮਦਰਾਸ) ਦੇ ਲੋਕਾਂ ਵਿੱਚ ਹੋਇਆ।

**ਪ੍ਰ 10 :-ਕਿਸ ਵਿਦੇਸ਼ੀ ਕਬੀਲੇ ਨੂੰ ਅੰਗਰੇਜ਼ੀ ਵਿੱਚ ਪਾਰਥਿਅਨ ਕਿਹਾ ਜਾਂਦਾ ਹੈ ?**

**ਉੱਤਰ** :- ਪੱਲਵਾਂ ਨੂੰ ।

**ਪ੍ਰ 11 :-ਕੁਸ਼ਾਨ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਕੋਣ ਸੀ?**

**ਉੱਤਰ :-** ਰਾਜਾ ਕਨਿਸ਼ਕ।

(ਪਾਠ-15:- ਗੁਪਤ ਸਾਮਰਾਜ)

**ਪ੍ਰ 01 :-ਗੁਪਤ ਸਾਮਰਾਜ ਦਾ ਸਭ ਤੋਂ ਮਹਾਨ ਜੇਤੂ ਕੌਣ ਸੀ?**
**ਉੱਤਰ :-** ਸਮੁਦਰ ਗੁਪਤ।

**ਪ੍ਰ 02 :-ਗੁਪਤਕਾਲ ਵੇਲੇ ਉੱਤਰੀ ਭਾਰਤ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ?**
**ਉੱਤਰ :-** ਆਰਿਆਵਰੱਤ।

**ਪ੍ਰ 03:-ਸਮੁਦਰ ਗੁਪਤ ਦੇ ਪੁੱਤਰ ਦਾ ਨਾਂ ਦੱਸੋ?**
**ਉੱਤਰ :-** ਚੰਦਰ ਗੁਪਤ ਦੂਜਾ।

**ਪ੍ਰ 04 :-ਚੰਦਰ ਗੁਪਤ ਦੂਜਾ ਕਿਸ ਧਰਮ ਨੂੰ ਮੰਨਦਾ ਸੀ?**
**ਉੱਤਰ :-** ਹਿੰਦੂ ਧਰਮ।

**ਪ੍ਰ 05 :-ਵਿਕਰਮਾਦਿਤਿਆ ਦੀ ਉਪਾਧੀ ਕਿਸ ਗੁਪਤ ਰਾਜੇ ਨੇ ਧਾਰਨ ਕੀਤੀ ਹੈ?**
**ਉੱਤਰ :-** ਚੰਦਰ ਗੁਪਤ ਦੂਜੇ ਨੇ।

**ਪ੍ਰ 06 :-ਗੁਪਤ ਕਾਲ ਵੇਲੇ ਜ਼ਿਲ੍ਹਿਆਂ ਨੂੰ ਕਿਸ ਨਾ ਨਾਲ ਪੁਕਾਰਿਆ ਜਾਂਦਾ ਸੀ?**
**ਉੱਤਰ :-** ਵਿਸ਼ਯ।

**ਪ੍ਰ 07 :-ਚੰਦਰ ਗੁਪਤ ਦੂਜੇ ਸਮੇਂ ਕਿਹੜਾ ਚੀਨੀ ਯਾਤਰੀ ਭਾਰਤ ਆਇਆ?**
**ਉੱਤਰ :-** ਫਾਹੀਯਾਨ।

**ਪ੍ਰ 08 :-ਗੁਪਤਕਾਲ ਵੇਲੇ ਲੋਕਾਂ ਦਾ ਮੁੱਖ ਕਿੱਤਾ ਕੀ ਸੀ?**
**ਉੱਤਰ :-** ਖੇਤੀਬਾੜੀ।

**ਪ੍ਰ 09 :-ਨਾਟਕ ਸ਼ਕੁੰਤਲਾ ਅਤੇ ਕਾਵਿ ਮੇਘਦੂਤ ਕਿਸ ਦੁਆਰਾ ਲਿਖੇ ਗਏ?**
**ਉੱਤਰ :-** ਕਾਲੀਦਾਸ।

**ਪ੍ਰ 10 :-ਪ੍ਰਿਥਵੀ ਸੂਰਜ ਦੇ ਆਲੇ-ਦੁਆਲੇ ਚੱਕਰ ਕੱਟਦੀ ਹੈ ਇਸ ਬਾਰੇ ਪਹਿਲਾਂ ਜਾਣਕਾਰੀ ਕਿਸ ਭਾਰਤੀ ਵਿਗਿਆਨੀ ਨੂੰ ਪ੍ਰਾਪਤ ਹੋਈ?**
**ਉੱਤਰ :-** ਆਰੀਆਭੱਟ।

ਪ 11:- ਗੁਪਤ ਕਾਲ ਵਿੱਚ ਸੋਨੇ ਦੇ ਸਿੱਕਿਆ ਨੂੰ ਕੀ ਕਹਿੰਦੇ ਸਨ?

ਉੱਤਰ:- ਦੀਨਾਰ।

ਪ੍ਰ.12.:- ਲੋਹ ਸਤੰਭ ਕਿਸ ਸਥਾਨ ਤੇ ਸਥਿਤ ਹੈ?

ਉੱਤਰ:- ਮਹਿਰੌਲੀ ਵਿਖੇ ।

ਪ੍ਰ; 13. ਕਿਸ ਕਾਲ ਨੂੰ ਭਾਰਤ ਦਾ "ਸੁਨਿਹਰੀ ਯੁੱਗ" ਕਿਹਾ ਜਾਂਦਾ ਹੈ?

ਉੱਤਰ: ਗੁਪਤ ਕਾਲ ਨੂੰ।

**ਜਮਾਤ- ਛੇਵੀਂ**

**ਪਾਠ 16: ਹਰਸ਼ਵਰਧਨ ਕਾਲ 600ਈ: ਤੋਂ 650ਈ: ਤੱਕ**

ਪ੍ਰਸ਼ਨ01:- ਹਰਸ਼ਵਰਧਨ ਕਾਲ ਕਿੰਨੇ ਤੋਂ ਕਿੰਨੇ ਸਮੇਂ ਤੱਕ ਰਿਹਾ?

ਉੱਤਰ:- 600 ਈ: ਤੋ 650 ਈ: ਤੱਕ।

ਪ੍ਰਸ਼ਨ02:- ਰਾਜਾ ਹਰਸ਼ਵਰਧਨ ਰਾਜਗੱਦੀ ਤੇ ਕਦੋਂ ਬੈਠਾ?

ਉੱਤਰ :- 606 ਈ: ਵਿੱਚ।

ਪ੍ਰਸ਼ਨ03:- ਹਰਸ਼ਵਰਧਨ ਦੇ ਭਰਾ ਦਾ ਕੀ ਨਾਂ ਸੀ?

ਉੱਤਰ:- ਰਾਜਵਰਧਨ।

ਪ੍ਰਸ਼ਨ04:- ਹਰਸ਼ਵਰਧਨ ਦੀ ਮੌਤ ਕਦੋਂ ਹੋਈ ਸੀ?

ਉੱਤਰ:- ਲੱਗਭੱਗ 647 ਈ: ਵਿੱਚ।ਗ੍ਰਹਿਵਰਮਨ।

ਪ੍ਰਸ਼ਨ05:- ਰਾਜਾ ਸ਼ਸ਼ਾਂਕ ਕਿੱਥੋਂ ਦਾ ਰਾਜਾ ਸੀ?

ਉੱਤਰ:- ਬੰਗਾਲ ਦਾ।

ਪ੍ਰਸ਼ਨ06:- ਹਰਸ਼ਵਰਧਨ ਕਾਲ ਦੇ ਪ੍ਰਸਿੱਧ ਵਿਸ਼ਵ ਵਿਦਿਆਲੇ ਦਾ ਨਾਂ ਦੱਸੋ ਜੋ ਬਿਹਾਰ ਵਿੱਚ ਸਥਿਤ ਸੀ?

ਉੱਤਰ:- ਨਾਲੰਦਾ ਵਿਸ਼ਵ ਵਿਦਿਆਲਾ ।

ਪ੍ਰਸ਼ਨ07:- ਹਰਸ਼ਵਰਧਨ ਕਾਲ ਸਮੇਂ ਲੋਕਾਂ ਦਾ ਮੁੱਖ ਧੰਦਾ ਕੀ ਸੀ?

ਉੱਤਰ:- ਖੇਤੀਬਾੜੀ।

ਪ੍ਰਸ਼ਨ 08:- ਹਰਸ਼ਵਰਧਨ ਨੇ ਸੰਸਕ੍ਰਿਤ ਵਿੱਚ ਕਿੰਨੇ ਨਾਟਕ ਲਿਖੇ ? ਕਿਸੇ ਇਕ ਦਾ ਨਾਂ ਦੱਸੋ?

ਉੱਤਰ:- ਤਿੰਨ ਨਾਟਕ ਲਿਖੇ (ਰਤਨਾਵਲੀ, ਪ੍ਰਿਯਾਦਰਸ਼ਿਕਾ, ਨਾਗਾਨੰਦ)

ਪ੍ਰਸ਼ਨ09:- ਹਰਸ਼ਵਰਧਨ ਦਾ ਜੀਜਾ ਕਿਹੜੇ ਵੰਸ਼ ਦਾ ਰਾਜਾ ਸੀ?

ਉੱਤਰ:- ਮੌਖਰੀ ਵੰਸ਼ ਦਾ

ਪ੍ਰਸ਼ਨ10:- ਰਾਜਾ ਸ਼ਸ਼ਾਂਕ ਨੂੰ ਕਿਸ ਨੇ ਮਾਰਿਆ ?

ਉੱਤਰ:- ਹਰਸ਼ਵਰਧਨ ਨੇ।

ਪ੍ਰਸ਼ਨ 11. ਹਰਸ਼ਵਰਧਨ ਦੀਆ ਸਫਲਤਾਵਾਂ ਦਾ ਵਰਣਨ ਉਸ ਦੇ ਦਰਬਾਰੀ ਕਵੀਂ ਬਾਣਭੱਟ ਨੇ ਕਿਸ ਪੁਸਤਕ ਵਿੱਚ ਕੀਤਾ ?

ਉੱਤਰ:- 'ਹਰਸ਼ਚਰਿਤ' ਵਿੱਚ।

ਪ੍ਰਸ਼ਨ 12. ਹਰਸ਼ਵਰਧਨ ਦੇ ਰਾਜਕਾਲ ਵਿੱਚ ਕਿਸ ਪ੍ਰਸਿੱਧ ਚੀਨੀ ਯਾਤਰੀ ਨੇ ਭਾਰਤ ਦੀ ਯਾਤਰਾ ਕੀਤੀ ?

ਉੱਤਰ:- ਹਿਊਨਸਾਂਗ ਨੇ।

ਜਮਾਤ-6ਵੀਂ
ਪਾਠ -17 (ਚਾਲੂਕਿਆ ਅਤੇ ਪੱਲਵ)

ਪ੍ਰ01:- ਕਿਹੜੇ ਸ਼ਾਸ਼ਕਾਂ ਨੇ ਅਹੋਲ ਵਤਾਪੀ ਅਤੇ ਪਟਦਕਲ ਵਿੱਚ ਕਈ ਪ੍ਰਸਿੱਧ ਮੰਦਰ ਬਣਾਏ?
ਉੱਤਰ:- ਚਾਲੂਕਿਆ ਸ਼ਾਸ਼ਕਾਂ ਨੇ।

ਪ੍ਰ02:-ਸਿੰਘਵਰਮਨ ਨੇ ਕਦੋਂ ਪੱਲਵ ਵੰਸ਼ ਦੀ ਨੀਂਹ ਰੱਖੀ ?

ਉੱਤਰ:- 6ਵੀਂ ਸਦੀ ਵਿੱਚ।

ਪ੍ਰ03:- ਪੁਲਕੇਸ਼ਿਨ ਦੂਜਾ ਕਿਸ ਵੰਸ਼ ਦਾ ਸੱਭ ਤੋਂ ਪ੍ਰੱਸਿਧ ਰਾਜਾ ਸੀ?

ਉੱਤਰ:- ਚਾਲੂਕਿਆ ਵੰਸ਼ ਦਾ ।

ਪ੍ਰ04:- ਚੀਨੀ ਯਾਤਰੀ ਹਿਊਨਸਾਂਗ ਭਾਰਤ ਵਿੱਚ ਕਿਸ ਰਾਜੇ ਦੇ ਰਾਜਕਾਲ ਵਿੱਚ ਆਇਆ ਸੀ?

ਉੱਤਰ:- ਪੁਲਕੇਸ਼ਿਨ ਦੂਜਾ।
ਪ੍ਰ05:-ਚਾਲੂਕਿਆ ਵੰਸ਼ ਦਾ ਅੰਤ ਕਦੋ ਹੋਇਆ?

ੳੱਤਰ:-800ਈ ਦੇ ਮੱਧ ਵਿੱਚ।

ਪ੍ਰ06:- 6ਵੀਂ ਸਦੀ ਦੇ ਅੰਤ ਵਿੱਚ ਪੱਲਵ ਵੰਸ਼ ਦੀ ਨੀਂਹ ਕਿਸਨੇ ਰੱਖੀ?

ੳੱਤਰ:- ਸਿੰਘ ਵਰਮਨ।

ਪ੍ਰ07:-ਪੱਲਵ ਮੁੱਖ ਤੌਰ ਤੇ ਕਿਹੜੇ ਧਰਮ ਨੂੰ ਮੰਨਦੇ ਸਨ ?

ਉੱਤਰ:- ਜੈਨ ਅਤੇ ਸ਼ੈਵ ਧਰਮ।

ਪ੍ਰ08:-ਪਲੱਵ ਰਾਜਿਆਂ ਦੁਆਰਾ ਮਹਾਂਬਲੀਪੁਰਮ ਵਿੱਚ ਬਣਾਇਆ ਗਿਆ ਪ੍ਰਸਿੱਧ ਮੰਦਰ ਭਾਰਤ ਦੇ ਕਿਸ ਰਾਜ ਵਿੱਚ ਸਥਿਤ ਹੈ?

ੳੱਤਰ:-ਤਾਮਿਲਨਾਡੂ ਵਿੱਚ।

ਪ੍ਰ09:-ਪਲੱਵ ਸ਼ਾਸਨ ਸਮੇਂ ਕਾਂਚੀ ਵਿਖੇ ਵਿਦਵਾਨਾਂ ਦੁਆਰਾ ਲਿਖੀਆਂ ਦੋ ਮਹੱਤਵਪੂਰਨ ਪੁਸਤਕਾਂ ਦੇ ਨਾਂ ਲਿਖੋ?

ੳੱਤਰ:-ਮਣੀਮੇਖਲਾਈ ਅਤੇ ਸ਼ਿਲਪਾਦਿਕਰਮ।

ਪ੍ਰ10:-ਚਾਲੂਕਿਆ ਨੂੰ ਹਰਾ ਕੇ ਆਪਣੇ ਪਿਤਾ ਦੀ ਹਾਰ ਦਾ ਬਦਲਾ ਕਿਸ ਸ਼ਾਸਕ ਨੇ ਲਿਆ ਸੀ?

ਉੱਤਰ:-ਨਰਸਿੰਘਵਰਮਨ ਪਹਿਲਾ।

## ਜਮਾਤ -6ਵੀਂ
## ਪਾਠ -18 (ਭਾਰਤ ਅਤੇ ਸੰਸਾਰ)

ਪ੍ਰ01:-ਸਾਤਵਾਹਨਾਂ ਦੇ ਸਮੇਂ ਦੂਜੀ ਸਦੀ ਈ. ਪੂਰਵ ਤੋਂ ਰੋਮ ਅਤੇ ਦੱਖਣੀ ਭਾਰਤ ਵਿੱਚ ਕਿਸ ਮਾਰਗ ਰਾਹੀ ਵਪਾਰ ਹੁੰਦਾ ਸੀ?

ਉੱਤਰ:- ਸਮੁੰਦਰੀ ਮਾਰਗ ।

ਪ੍ਰ02:-ਪੁਰਾਤਨ ਸਮੇਂ ਵਿੱਚ ਚੀਨ ਨੂੰ ਯੁਰਪ ਨਾਲ ਜੋੜਨ ਵਾਲੇ ਮਾਰਗ ਨੂੰ ਕੀ ਕਿਹਾ ਜਾਂਦਾ ਸੀ?

ਉੱਤਰ:-ਰੇਸ਼ਮੀ ਮਾਰਗ

ਪ੍ਰ03:- 600 ਈ. ਪੂ. ਵਿੱਚ ਇਰਾਨ ਦੇ ਕਿਸ ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉੱਤਰ-ਪੱਛਮੀ ਭਾਗਾਂ ਤੇ ਕਬਜਾ ਕੀਤਾ?

ਉੱਤਰ:-ਏਚੈਮੀਨਿਡ ਵੰਸ਼

ਪ੍ਰ04:-ਅਰਬਾਂ ਨੇ ਸਿੰਧ ਤੇ ਕਦੋਂ ਕਬਜਾ ਕੀਤਾ?

ਉੱਤਰ:-712ਈ ਵਿੱਚ

ਪ੍ਰ04:- ਅਰਬਾਂ ਨੇ ਭਾਰਤੀ ਸੰਖਿਆ ਪ੍ਰਣਾਲੀ ਦੀ ਕਿਸ ਸੰਖਿਆ ਦਾ ਦੁਨੀਆ ਵਿੱਚ ਪ੍ਰਸਾਰ ਕੀਤਾ?

ਓੱਤਰ:-ਜ਼ੀਰੋ (ਸਿਫਰ)

ਪ੍ਰ05:-ਇੰਡੋ-ਇਸਲਾਮ ਸੰਸਕ੍ਰਿਤੀ ਦਾ ਆਰੰਭ ਕਿਸਦੇ ਹਮਲੇ ਨਾਲ ਹੋਇਆ?

ਓੱਤਰ:-ਅਰਬਾਂ ਦੇ ਹਮਲੇ

ਪ੍ਰ06:-ਚੰਪਾ ਅਤੇ ਕੰਬੋਜ ਦੇ ਸ਼ਾਸਕਾ ਨੇ ਕਿਸ ਧਰਮ ਦਾ ਪ੍ਰਸਾਰ ਕੀਤਾ ?

ਉੱਤਰ:-ਹਿੰਦੂ ਧਰਮ

ਪ੍ਰ07:- ਕਿਹੜੀ ਲਿੱਪੀ ਦੱਖਣੀ-ਪੂਰਬੀ ਏਸ਼ੀਆ ਦੀਆਂ ਦੂਜੀਆਂ ਲਿੱਪੀਆਂ ਨਾਲ ਮਿਲਦੀ ਹੈ?

ਓੱਤਰ:-ਇੰਡੋਨੇਸ਼ੀਆ ਲਿੱਪੀ

ਪ੍ਰ08:-ਰੋਮ ਦੇ ਕਿਸ ਪ੍ਰਸਿੱਧ ਲੇਖਕ ਨੇ ਰੋਮ ਦਾ ਸੋਨਾ ਭਾਰਤ ਜਾਣ ਤੇ ਦੁੱਖ ਪ੍ਰਗਟ ਕੀਤਾ ਸੀ?

ਓੱਤਰ:- ਪਲਿਨੀ

ਪ੍ਰ09:-ਅਸ਼ੋਕ ਅਤੇ ਕਨਿਸ਼ਕ ਸ਼ਾਸ਼ਕਾਂ ਦੇ ਰਾਜ ਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਕਿਸ ਧਰਮ ਦਾ ਪ੍ਰਚਾਰ ਕਰਨ ਲਈ ਦੂਜੇ ਦੇਸ਼ਾਂ ਵਿੱਚ ਭੇਜਿਆ ਗਿਆ?

ਉੱਤਰ:- ਬੁੱਧ ਧਰਮ

ਪ੍ਰ10:- ਅਫ਼ਗਾਨਿਸਤਾਨ ਵਿੱਚ ਬੁੱਧ ਧਰਮ ਦੇ ਪ੍ਰਸਿੱਧ ਸਮਾਰਕ ਕਿਸ ਦੇ ਰਾਜਕਾਲ ਦੌਰਾਨ 2001 ਈ. ਵਿੱਚ ਤਬਾਹ ਹੋ ਗਏ ਸੀ?

ਉੱਤਰ:- ਤਾਲੀਬਾਨ

ਜਮਾਤ- ਛੇਵੀਂ

ਪਾਠ-19:- ਸਮੁਦਾਇ ਅਤੇ ਮਨੁੱਖੀ ਲੋੜਾਂ

**ਪ੍ਰ01:- ਬੱਚੇ ਦਾ ਪਹਿਲਾ ਅਤੇ ਮੁੱਢਲਾ ਸਮਾਜ ਕਿਹੜਾ ਹੈ?**

**ਉੱਤਰ:-** ਪਰਿਵਾਰ।

**ਪ੍ਰ02:- ਸਮਾਜ ਦੀ ਮੁਢਲੀ ਸਮਾਜਿਕ ਇਕਾਈ ਕਿਹੜੀ ਹੈ?**

**ਉੱਤਰ:-** ਪਰਿਵਾਰ।

**ਪ੍ਰ03:- ਮੁੱਢਲੇ ਮਨੁੱਖ ਨੇ ਪ੍ਰਾਚੀਨ ਸਮੇਂ ਵਿੱਚ ਕਿਹੜੇ ਪਦਾਰਥ ਦੇ ਹਥਿਆਰ ਬਣਾਏ?**

**ਉੱਤਰ:-** ਪੱਥਰ ਦੇ।

**ਪ੍ਰ04:- ਪ੍ਰਾਚੀਨ ਸਮੇਂ ਵਿੱਚ ਕਿੰਨੇ ਪ੍ਰਤੀਸ਼ਤ ਭਾਰਤੀ ਵੱਸੋਂ ਪਿੰਡਾਂ ਵਿੱਚ ਰਹਿੰਦੇ ਸੀ?**

**ਉੱਤਰ:-** 90 ਪ੍ਰਤੀਸ਼ਤ ।

**ਪ੍ਰ05:- ਇੱਕ ਥਾਂ ਤੇ ਰਹਿਣ ਵਾਲੇ, ਸਾਂਝੇ ਉਦੇਸ਼ ਵਾਲੇ ਸੰਗਠਿਤ ਸਮੂਹ ਨੂੰ ਕੀ ਕਿਹਾ ਜਾਂਦਾ ਹੈ?**

**ਉੱਤਰ:-** ਸਮੁਦਾਇ।

**ਪ੍ਰ06:- ਮਨੁੱਖ ਦਾ ਮੁਢਲਾ ਜੀਵਨ ਕਿਸ ਵਰਗਾ ਸੀ?**

**ਉੱਤਰ:-** ਜਾਨਵਰਾਂ ਵਰਗਾ।

**ਪ੍ਰ07:- ਸੱਭਿਆਚਾਰਕ ਸਾਂਝ ਨਾਲ ਕਿਸਦੀ ਭਾਵਨਾ ਪੈਦਾ ਹੁੰਦੀ ਹੈ?**

**ਉੱਤਰ:-** ਦੇਸ਼ ਪਿਆਰ ਅਤੇ ਦੇਸ਼ ਭਗਤੀ ਦੀ

**ਪ੍ਰ09:- ਘਰ, ਸੁਰੱਖਿਆ, ਕਪੱੜਾ, ਭੋਜਨ ਆਦਿ ਵਰਗੀਆਂ ਲੋੜਾਂ ਮਨੁੱਖ ਕਿੱਥੇ ਰਹਿ ਕੇ ਪੂਰੀਆਂ ਕਰ ਸਕਦਾ ਹੈ?**

**ਉੱਤਰ:- ਸਮਾਜ ਜਾਂ ਸਮੁਦਾਇ ਵਿੱਚ।**

**ਜਮਾਤ- ਛੇਵੀਂ**

## <u>ਪਾਠ-20:-ਪੇਂਡੂ ਵਿਕਾਸ ਅਤੇ ਸਥਾਨਕ ਸਰਕਾਰ</u>

ਪ੍ਰ01:- **ਭਾਰਤ ਵਿੱਚ ਪਿੰਡਾਂ ਦੀ ਗਿਣਤੀ ਕਿੰਨੀ ਹੈ?**

**ਉੱਤਰ:- ਲੱਗ ਭੱਗ** 6 ਲੱਖ ।

ਪ੍ਰ02:- **ਭਾਰਤ ਵਿੱਚ ਕਿੰਨੇ ਰਾਜ ਅਤੇ ਕਿੰਨੇ ਕੇਂਦਰੀ ਸ਼ਾਸਤ ਖੇਤਰ ਹਨ?**

**ਉੱਤਰ:-** 29 ਰਾਜ ਅਤੇ 7 ਕੇਂਦਰੀ ਸ਼ਾਸ਼ਤ ਖੇਤਰ।

ਪ੍ਰ03:- **ਸਾਡੇ ਪੰਜਾਬ ਰਾਜ ਵਿੱਚ ਕਿੰਨੇ ਜ਼ਿਲ੍ਹੇ ਹਨ?**

**ਉੱਤਰ:-** 22 ਜ਼ਿਲ੍ਹੇ।

ਪ੍ਰ04:- **ਪੰਚਾਇਤੀ ਰਾਜ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਹੈ?**

**ਉੱਤਰ:-** ਗ੍ਰਾਮ ਪੰਚਾਇਤ।

ਪ੍ਰ05:- **ਪੰਜਾਬ ਵਿੱਚ ਕੁੱਲ ਕਿੰਨੀਆਂ ਪੰਚਾਇਤਾਂ ਹਨ?**

**ਉੱਤਰ:-** 13080 ਪੰਚਾਇਤਾਂ ਹਨ।

ਪ੍ਰ06:- **ਗ੍ਰਾਮ ਪੰਚਾਇਤ ਕਿੱਥੇ ਸਥਾਪਤ ਕੀਤੀ ਜਾਂਦੀ ਹੈ?**

**ਉੱਤਰ:-** 200 ਤੋਂ ਵੱਧ ਵਸੋਂ ਵਾਲੇ ਪਿੰਡ ਵਿੱਚ।

ਪ੍ਰ07:- **ਪੇਂਡੂ ਸਥਾਨਕ ਪ੍ਰਬੰਧ ਦੀ ਵਿਚਕਾਰਲੀ ਇਕਾਈ ਦਾ ਨਾਂ ਦੱਸੋ?**

**ਉੱਤਰ:-** ਪੰਚਾਇਤ ਸੰਮਤੀ।

ਪ੍ਰ08:- **ਪੰਜਾਬ ਵਿੱਚ ਕੁੱਲ ਕਿੰਨੀਆਂ ਬਲਾਕ ਸੰਮਤੀਆਂ ਹਨ?**

**ਉੱਤਰ:-** 146

## ਜਮਾਤ- ਛੇਵੀਂ
## ਪਾਠ 21:- ਸ਼ਹਿਰੀ ਵਿਕਾਸ ਅਤੇ ਸਥਾਨਕ ਸਰਕਾਰ

**ਪ੍ਰਸ਼ਨ01:- ਸ਼ਹਿਰੀ ਸਥਾਨਕ ਪ੍ਰਬੰਧ ਕਿੰਨੇ ਪੱਧਰ ਦਾ ਹੈ?**

ਉੱਤਰ:- ਤਿੰਨ ਪੱਧਰ (ਨਗਰ ਪੰਚਾਇਤ, ਨਗਰ ਪਾਲਿਕਾ, ਨਗਰ ਨਿਗਮ)

**ਪ੍ਰਸ਼ਨ02:- ਪਿੰਡ ਤੋਂ ਸ਼ਹਿਰੀ ਖੇਤਰ ਤੋਂ ਬਦਲ ਰਹੀਆਂ ਥਾਵਾਂ ਤੋਂ ਸ਼ਹਿਰੀ ਸਥਾਨਕ ਪ੍ਰਬੰਧ ਦੀ ਕਿਹੜੀ ਇਕਾਈ ਸਥਾਪਤ ਕੀਤੀ ਜਾਂਦੀ ਹੈ?**

ਉੱਤਰ:- ਨਗਰ ਪੰਚਾਇਤ

**ਪ੍ਰਸ਼ਨ03:- ਸਭ ਤੋਂ ਪਹਿਲੀ ਨਗਰ ਪਾਲਿਕਾ ਦੀ ਸਥਾਪਨਾ ਕਿੱਥੇ ਕੀਤੀ ਗਈ?**

ਉੱਤਰ:- ਮਦਰਾਸ (ਚੇੱਨਈ)

**ਪ੍ਰਸ਼ਨ04:- ਭਾਰਤ ਆਜ਼ਾਦ ਹੋਣ ਵੇਲੇ ਕਿਹੜੇ ਤਿੰਨ ਸ਼ਹਿਰਾਂ ਵਿੱਚ ਨਗਰ ਪਾਲਿਕਾਵਾਂ ਸਨ?**

ਉੱਤਰ:- ਮਦਰਾਸ, ਮੁਬੰਈ, ਕੋਲਕਾਤਾ

**ਪ੍ਰਸ਼ਨ05:- ਨਗਰਪਾਲਿਕਾ ਦੇ ਮੈਂਬਰਾਂ ਦੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਗਿਣਤੀ ਕਿੰਨੀ ਹੁੰਦੀ ਹੈ?**

ਉੱਤਰ:- ਘੱਟ ਤੋਂ ਘੱਟ 9 ਵੱਧ ਤੋਂ ਵੱਧ 29 ਹੁੰਦੀ ਹੈ।

**ਪ੍ਰਸ਼ਨ06:- ਜ਼ਿਲ੍ਹੇ ਦੀ ਸਭ ਤੋਂ ਉੱਚੀ ਅਦਾਲਤ ਦਾ ਨਾਂ ਦੱਸੋ?**

ਉੱਤਰ:- ਜ਼ਿਲ੍ਹਾ ਸ਼ੈਸ਼ਨ ਜੱਜ ਦੀ ਅਦਾਲਤ।

**ਪ੍ਰਸ਼ਨ07: ਮੁਕੱਦਮੇ ਕਿੰਨੀ ਤਰਾਂ ਦੇ ਹੁੰਦੇ ਹਨ?**

ਉੱਤਰ:- ਦੋ (ਦਿਵਾਨੀ ਅਤੇ ਫੌਜਦਾਰੀ)

**ਪ੍ਰਸ਼ਨ 08 ਸ਼ਹਿਰਾਂ ਵਿੱਚ ਬਿਜਲੀ, ਪਾਣੀ, ਸਿਹਤ ਕੇਂਦਰ, ਸ਼ਹਿਰ ਦੀ ਸਫਾਈ ਦਾ ਪ੍ਰਬੰਧ ਕੌਣ ਕਰਦਾ ਹੈ?**

ਉੱਤਰ:- ਨਗਰ ਪਾਲਿਕਾ

**ਪ੍ਰਸ਼ਨ09:- ਨਗਰ ਪੰਚਾਇਤ, ਨਗਰ ਪਾਲਿਕਾ, ਨਗਰ ਨਿਗਮ ਦਾ ਕਾਰਜਕਾਲ ਕਿੰਨਾ ਹੁੰਦਾ ਹੈ?**

ਉੱਤਰ:- 5 ਸਾਲ

**ਪ੍ਰਸ਼ਨ10:- ਜ਼ਿਲ੍ਹੇ ਵਿੱਚ ਕਾਨੂੰਨ ਅਤੇ ਸ਼ਾਂਤੀ ਬਣਾਉਣ ਦੀ ਜਿੰਮੇਵਾਰੀ ਕਿਸ ਅਧਿਕਾਰੀ ਦੀ ਹੰਦੀ ਹੈ?**

ਉੱਤਰ:- ਜ਼ਿਲ੍ਹਾ ਪੁਲਿਸ ਮੁਖੀ (ਐਸ.ਐਸ.ਪੀ.)

## ਜਮਾਤ- ਛੇਵੀਂ

## ਪਾਠ-22:- ਸਰਵਜਨਕ ਸੰਪਤੀ ਦੀ ਸੰਭਾਲ

**ਪ੍ਰ01:- ਸਰਬਸਾਂਝੀ ਸੰਪਤੀ ਤੋਂ ਕੀ ਭਾਵ ਹੈ?**

**ਉੱਤਰ:-** ਸਾਰਿਆਂ ਦੀ ਸਾਂਝੀ ਸੰਪਤੀ।

**ਪ੍ਰ02:- ਸਰਵਜਨਕ ਸੰਪਤੀ ਕਿੰਨੇ ਤਰ੍ਹਾਂ ਦੀ ਹੁੰਦੀ ਹੈ?**

**ਉੱਤਰ:-** ਦੋ ਤਰਾਂ ਦੀ (ਸਰਵਜਨਕ ਸੰਸਥਾਵਾਂ, ਇਤਿਹਾਸਕ ਇਮਾਰਤਾਂ)।

**ਪ੍ਰ03:- ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਕਿਹੜਾ ਹੈ?**

**ਉੱਤਰ:-** ਭਾਰਤ।

**ਪ੍ਰ04:- ਪਾਰਕਾਂ, ਚਿੜਿਆ ਘਰਾਂ, ਜਾਨਵਰਾਂ ਅਤੇ ਜੰਗਲਾਂ ਨੂੰ ਨੁਕਸਾਨ ਪਹੁੰਚਾਉਣ ਨਾਲ ਕੀ ਨੁਕਸਾਨ ਜੋਵੇਗਾ?**

**ਉੱਤਰ:- ਮਨੁੱਖ ਅਤੇ ਕੁਦਰਤੀ ਵਾਤਾਵਰਨ ਦਾ ਸੰਤੁਲਨ ਵਿਗੜ ਜਾਵੇਗਾ।**

**ਪ੍ਰ05:- ਦਿੱਲੀ ਦਾ ਲਾਲ ਕਿਲ੍ਹਾ, ਕੁਤੱਬ ਮਿਨਾਰ ਅਤੇ ਆਗਰੇ ਦਾ ਤਾਜਮਹਲ ਕਿਹੜੀਆਂ ਇਮਾਰਤਾਂ ਹਨ?**

**ਉੱਤਰ:-** ਇਤਿਹਾਸਕ ਇਮਾਰਤਾਂ।

**ਪ੍ਰ06:- ਪ੍ਰਾਚੀਨ ਸਮਾਰਕਾਂ ਦੀ ਸੰਭਾਲ ਲਈ ਭਾਰਤ ਸਰਕਾਰ ਨੇ ਕਦੋਂ ਕਾਨੂੰਨ ਬਣਾਇਆ?**

**ਉੱਤਰ:-** 1958 ਵਿੱਚ।

**ਪ੍ਰ07:- ਸਰਕਾਰ ਦੇ ਤਿੰਨ ਅੰਗਾਂ ਦੇ ਨਾਂ ਦੱਸੋ?**

**ਉੱਤਰ:-** ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ।

**ਪ੍ਰ08:- ਪਰਿਵਾਰ ਦੀਆਂ ਸਾਰੀਆਂ ਚੀਜਾਂ ਕਿਹੜੀ ਸੰਪਤੀ ਹਨ?**

**ਉੱਤਰ:-** ਨਿੱਜੀ ਸੰਪਤੀ ਹਨ

**ਪ੍ਰ9:- ਲੋਕ ਉਪਯੋਗੀ ਸੇਵਾਵਾਂ ਕਿਸ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ?**

**ਉੱਤਰ:-** ਸਰਕਾਰ ਦੁਆਰਾ